Tender Heart High School, Class-V (Punjabi)

Chapter-12 Gurpreet Kaur

1

ਪਿਆਰੇ ਵਿਦਿਆਰਥੀਓ,

ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ।

ਮੈਂ, ਗੁਰਪ੍ਰੀਤ ਕੌਰ ਅੱਜ ਤੁਹਾਨੂੰ ਪੰਜਵੀਂ ਜਮਾਤ ਦੇ ਪੰਜਾਬੀ ਵਿਸ਼ੇ ਨਾਲ ਸੰਬੰਧਿਤ ਪਾਠ-12 'ਸ੍ਰੀ ਰਾਮ ਚੰਦਰ ਜੀ' ਬਾਰੇ ਜਾਣਕਾਰੀ ਦੇਣ ਜਾ ਰਹੀ ਹਾਂ। ਇਹ ਪਾਠ ਤੁਹਾਡੀ ਪੰਜਾਬੀ ਪਾਠ-ਪੁਸਤਕ "ਕਿਲਕਾਰੀ" ਵਿੱਚ ਦਰਜ ਹੈ। ਜੇ, ਸਾਰੇ ਵਿਦਿਆਰਥੀ ਤਿਆਰ ਹਨ ਤਾਂ ਆਓ, ਪੜ੍ਹਨਾ ਸ਼ੁਰੂ ਕਰੀਏ।

# 12 ਸ਼੍ਰੀ ਰਾਮ ਚੰਦਰ ਜੀ

**ਇਸ ਪਾਠ ਵਿੱਚ ਸ਼੍ਰੀ ਰਾਮ ਚੰਦਰ ਜੀ ਦੇ ਜੀਵਨ ਬਾਰੇ ਦੱਸਿਆ ਗਿਆ ਹੈ। ਕਿਵੇਂ ਉਨ੍ਹਾਂ ਨੇ ਚੌਦਾਂ ਸਾਲਾਂ ਦਾ ਬਨਵਾਸ ਕੱਟਿਆ। ਕਿਵੇਂ ਉਨ੍ਹਾਂ ਦੀ ਮੁਲਾਕਾਤ ਹਨੂੰਮਾਨ ਜੀ ਨਾਲ ਹੋਈ ਤੇ ਰਾਵਣ ਨੂੰ ਮਾਰਿਆ।**

ਬਹੁਤ ਪੁਰਾਣੀ ਗੱਲ ਹੈ। ਅਯੋਧਿਆ ਨਾਂ ਦੇ ਸ਼ਹਿਰ ਵਿੱਚ ਇੱਕ ਰਾਜਾ ਰਾਜ ਕਰਦਾ ਸੀ। ਉਸ ਦਾ ਨਾਂ ਦਸ਼ਰਥ ਸੀ। ਉਸ ਦੀਆਂ ਤਿੰਨ ਰਾਣੀਆਂ ਸਨ। ਕਿਸੇ ਦੇ ਕੋਈ ਔਲਾਦ ਨਹੀਂ ਸੀ। ਇੱਕ ਦਿਨ ਰਾਜੇ ਨੇ ਇੱਕ ਹਵਨ ਯੱਗ ਕਰਵਾਇਆ। ਉਸ ਹਵਨ ਯੱਗ ਦੇ ਫ਼ਲ ਨਾਲ਼ ਤਿੰਨਾਂ ਰਾਣੀਆਂ ਦੇ ਘਰ ਚਾਰ ਪੁੱਤਰ ਹੋਏ। ਉਨ੍ਹਾਂ ਵਿੱਚੋਂ ਸ਼੍ਰੀ ਰਾਮ ਚੰਦਰ ਜੀ ਸਭ ਤੋਂ ਵੱਡੇ ਪੁੱਤਰ ਸਨ।



ਔਲਾਦ - ਸੰਤਾਨ, ਬੱਚੇ

ਸ਼੍ਰੀ ਰਾਮ ਚੰਦਰ ਜੀ ਰੱਬ ਦਾ ਰੂਪ ਧਾਰ ਕੇ ਧਰਤੀ 'ਤੇ ਆਏ ਸਨ। ਉਹ ਧਰਤੀ ਤੋਂ ਪਾਪਾਂ ਦਾ ਨਾਸ਼ ਕਰਨ ਲਈ ਆਏ ਸਨ। ਉਨ੍ਹਾਂ ਦਾ ਵਿਆਹ ਸੀਤਾ ਜੀ ਨਾਲ਼ ਹੋਇਆ।

ਰਾਜਾ ਦਸ਼ਰਥ ਸ਼੍ਰੀ ਰਾਮ ਨੂੰ ਅਯੋਧਿਆ ਦਾ ਰਾਜਾ ਬਣਾਉਣਾ ਚਾਹੁੰਦਾ ਸੀ। ਸ਼੍ਰੀ ਰਾਮ ਦਾ ਰਾਜਾ ਬਣਨਾ, ਰਾਜੇ ਦਸ਼ਰਥ ਦੀ ਛੋਟੀ ਰਾਣੀ ਕੈਕਈ ਨੂੰ ਮਨਜ਼ੂਰ ਨਹੀਂ ਸੀ। ਉਹ ਆਪਣੇ ਪੁੱਤਰ ਭਰਤ ਨੂੰ ਰਾਜਾ ਬਣਾਉਣਾ ਚਾਹੁੰਦੀ ਸੀ। ਇਸ ਲਈ ਉਸਨੇ ਸ਼੍ਰੀ ਰਾਮ ਨੂੰ ਚੌਦਾਂ ਸਾਲਾਂ ਲਈ ਬਨਵਾਸ ਭਿਜਵਾ ਦਿੱਤਾ।

ਸ਼੍ਰੀ ਰਾਮ, ਆਪਣੇ ਭਰਾ ਲਛਮਣ ਤੇ ਪਤਨੀ ਸੀਤਾ ਨਾਲ਼ ਬਨਵਾਸ ਨੂੰ ਚੱਲ ਪਏ। ਉਨ੍ਹਾਂ ਨੇ ਤੇਰਾਂ ਸਾਲ ਹੱਸਦੇ-ਖੇਡਦੇ ਜੰਗਲਾਂ ਵਿੱਚ ਬਿਤਾਏ। ਪਰੰਤੂ ਹੋਣੀ ਨੂੰ ਕੁਝ ਹੋਰ ਹੀ ਮਨਜ਼ੂਰ ਸੀ।

ਨਾਸ਼ - ਖ਼ਾਤਮਾ, ਖ਼ਤਮ ਕਰਨਾ

ਮਨਜ਼ੂਰ - ਸਵੀਕਾਰ, ਮੰਨਣਾ

ਬਨਵਾਸ - ਜੰਗਲ ਵਿੱਚ ਰਹਿਣਾ

ਬਿਤਾਏ - ਗੁਜ਼ਾਰੇ

ਹੋਣੀ - ਕੁਦਰਤ, ਰੱਬ

ਰੱਬ - ਪ੍ਰਮਾਤਮਾ

ਇਹ ਸਾਰੇ ਸ਼ਬਦਾਂ ਦੇ ਅਰਥ ਕਾਪੀਆਂ ਵਿੱਚ ਲਿਖੋ ਅਤੇ ਯਾਦ ਕਰੋ। ਆਓ, ਹੁਣ ਅੱਗੇ ਪੜ੍ਹੀਏ।

Tender Heart High School, Class-V (Punjabi)

Chapter - 12 Gurpreet Kaur

ਇੱਕ ਦਿਨ ਲੰਕਾ ਦਾ ਰਾਜਾ ਰਾਵਣ ਸੀਤਾ ਨੂੰ ਧੋਖੇ ਨਾਲ਼ ਚੁੱਕ ਕੇ ਲੈ ਗਿਆ। ਸ਼੍ਰੀ ਰਾਮ ਤੇ ਲਛਮਣ ਜੰਗਲਾਂ ਵਿਚ ਭਟਕਣ ਲੱਗੇ। ਉਨ੍ਹਾਂ ਦੀ ਮੁਲਾਕਾਤ ਹਨੂੰਮਾਨ ਜੀ ਨਾਲ਼ ਹੋਈ। ਉਨ੍ਹਾਂ ਨੇ ਹਨੂੰਮਾਨ ਜੀ ਤੇ ਹੋਰ ਵਾਨਰ ਸੈਨਾਂ ਨਾਲ਼ ਲੰਕਾ ਤੇ ਹਮਲਾ ਕਰ ਦਿੱਤਾ। ਲੜਾਈ ਵਿੱਚ ਰਾਜਾ ਰਾਵਣ ਆਪਣੇ ਪੂਰੇ ਪਰਿਵਾਰ ਸਮੇਤ ਮਾਰਿਆ ਗਿਆ ਇਸ ਤਰ੍ਹਾਂ, ਸ਼੍ਰੀ ਰਾਮ ਨੇ ਪਾਪਾਂ ਦਾ ਅੰਤ ਕੀਤਾ। ਉਨ੍ਹਾਂ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਹਰ ਸਾਲ ਦੁਸਹਿਰਾ ਬੜੀ ਧੂਮ-ਧਾਮ ਨਾਲ਼ ਮਨਾਇਆ ਜਾਂਦਾ ਹੈ।



1) ਭਟਕਣ - ਘੁੰਮਣ

2) ਮੁਲਾਕਾਤ - ਭੇਂਟ, ਮਿਲਣਾ

3) ਵਾਨਰ - ਬਾਂਦਰ

4) ਸਮੇਤ - ਸਾਰੇ, ਨਾਲ

5) ਧੂਮ-ਧਾਮ ਨਾਲ - ਖੁਸ਼ੀ ਨਾਲ

ਸਾਰੇ ਵਿਦਿਆਰਥੀ ਇਹ ਪਾਠ ਚੰਗੀ ਤਰ੍ਹਾਂ ਪੜ੍ਹਨ ਅਤੇ ਸਮਝਣ।

ਧੰਨਵਾਦ।

Last page - (3)